multicultural health communication

NSW GOVERNMENT | Health

Punjabi
[DOH-7140]

# ਲੈਪਟੋਸਪਾਇਰੋਸਿਸ

**(Leptospirosis)**

## ਲੈਪਟੋਸਪਾਇਰੋਸਿਸ

ਲੈਪਟੋਸਪਾਇਰੋਸਿਸ ਮਨੁੱਖਾਂ ਅਤੇ ਜਾਨਵਰਾਂ ਨੂੰ ਬੈਕਟੀਰੀਆ ਤੋਂ ਹੋਣ ਵਾਲਾ ਇੱਕ ਰੋਗ ਹੈ। ਇਹ ਰੋਗ ਲੈਪਟੋਸਪਾਇਰਾ ਨਾਂ ਦੇ ਬੈਕਟੀਰੀਆ ਨਾਲ ਹੁੰਦਾ ਹੈ ਜੋ ਛੂਤਗ੍ਰਸਤ ਜਾਨਵਰਾਂ ਦੇ ਪਿਸ਼ਾਬ ਅਤੇ ਜਾਨਵਰਾਂ ਦੇ ਊਤਕਾਂ (tissues) ਵਿੱਚ ਪਾਇਆ ਜਾਂਦਾ ਹੈ।

## ਇਸ ਦੇ ਲੱਛਣ ਕੀ ਹਨ ?

ਲੈਪਟੋਸਪਾਇਰੋਸਿਸ ਆਮ ਮੁਢਲੇ ਲੱਛਣ ਹਨ : ਬੁਖਾਰ, ਸਖ਼ਤ ਸਿਰਦਰਦ, ਪੱਠਿਆਂ ਵਿੱਚ ਸਖ਼ਤ ਦਰਦ, ਠੰਢ ਲੱਗਣੀ, ਉਲਟੀਆਂ ਆਉਣੀਆਂ ਅਤੇ ਅੱਖਾਂ ਦਾ ਲਾਲ ਹੋਣਾ। ਵੇਖਣ ਨੂੰ ਇਹ ਲੱਛਣ ਇਨਫਲੂਐਂਜ਼ਾ ਦੇ ਵੀ ਜਾਪ ਸਕਦੇ ਹਨ ਅਤੇ ਅਜਿਹੀ ਹਾਲਤ ਵਿੱਚ ਤਸ਼ਖ਼ੀਸ (diagnosis) ਅਕਸਰ ਔਖੀ ਹੁੰਦੀ ਹੈ। ਕੁੱਝ ਵਿਅਕਤੀਆਂ ਦੇ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਪ੍ਰਗਟ ਨਹੀਂ ਹੁੰਦੇ।

ਕੁੱਝ ਵਿਅਕਤੀਆਂ ਵਿੱਚ ਲੈਪਟੋਸਪਾਇਰੋਸਿਸ ਰੋਗ ਭੈੜੀ ਸ਼ਕਲ ਵੀ ਅਖ਼ਤਿਆਰ ਕਰ ਸਕਦਾ ਹੈ। ਇਸ ਵਿੱਚ ਵੀਲ ਦਾ ਰੋਗ ਸ਼ਾਮਲ ਹੋ ਸਕਦਾ ਹੈ, ਇਸ ਰੋਗ ਵਿੱਚ ਗੁਰਦੇ ਫੇਲ ਹੋ ਸਕਦੇ ਹਨ ਅਤੇ ਪੀਲੀਆ ਰੋਗ (ਚਮੜੀ ਦਾ ਰੰਗ ਪੀਲਾ ਹੋ ਜਾਣਾ ਜੋ ਜਿਗਰ ਦੇ ਕਿਸੇ ਰੋਗ ਦਾ ਸੂਚਕ ਹੈ) ਹੋ ਸਕਦਾ ਹੈ ਅਤੇ ਚਮੜੀ ਤੇ ਲੇਸਦਾਰ ਝਿੱਲੀਆਂ (mucous membranes) ਵਿੱਚ ਖ਼ੂਨ ਦਾ ਵਹਿਣਾ ਸ਼ੁਰੂ ਹੋ ਸਕਦਾ ਹੈ। ਦਿਮਾਗ਼ ਦੀਆਂ ਝਿੱਲੀਆਂ ਦੀ ਸੋਜ (meningitis) ਅਤੇ ਫੇਫੜਿਆਂ ਵਿੱਚ ਖ਼ੂਨ ਵਹਿਣ ਦਾ ਰੋਗ ਵੀ ਹੋ ਸਕਦਾ ਹੈ। ਜਿਨ੍ਹਾਂ ਵਿਅਕਤੀਆਂ ਵਿੱਚ ਇਹ ਰੋਗ ਭੈੜੀ ਸ਼ਕਲ ਅਖ਼ਤਿਆਰ ਕਰ ਜਾਂਦਾ ਹੈ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਉਣ ਦੀ ਜ਼ਰੂਰਤ ਪੈਂਦੀ ਹੈ ਅਤੇ ਵਿਗੜਿਆ ਲੈਪਟੋਸਪਾਇਰੋਸਿਸ ਬੇਹੱਦ ਖ਼ਤਰਨਾਕ ਵੀ ਸਿੱਧ ਹੋ ਸਕਦਾ ਹੈ।

## ਇਸ ਦੇ ਦੀਰਘਕਾਲੀਨ ਪ੍ਰਭਾਵ (long term effects) ਕੀ ਹੋ ਸਕਦੇ ਹਨ ?

ਲੈਪਟੋਸਪਾਇਰੋਸਿਸ ਦੀ ਛੂਤ ਤੋਂ ਪ੍ਰਭਾਵਿਤ ਮਰੀਜ਼ ਦੇ ਠੀਕ ਹੋਣ ਵਿੱਚ ਦੇਰੀ ਲੱਗ ਸਕਦੀ ਹੈ। ਮਰੀਜ਼ਾਂ ਨੂੰ ਕਈ ਮਹੀਨਿਆਂ ਤੱਕ ਬੀਮਾਰੀ ਵਰਗੀ ਥਕਾਵਟ ਮਹਿਸੂਸ ਹੋ ਸਕਦੀ ਹੈ। ਕਈ ਮਰੀਜ਼ਾਂ ਨੂੰ ਲਗਾਤਾਰ ਸਖ਼ਤ ਸਿਰ ਦਰਦ ਰਹਿ ਸਕਦਾ ਹੈ ਜਾਂ ਉਨ੍ਹਾਂ ਉੱਤੇ ਨਿਰਾਸ਼ਾ ਹਾਵੀ ਰਹਿ ਸਕਦੀ ਹੈ। ਕੁੱਝ ਕੇਸਾਂ ਵਿੱਚ ਬੈਕਟੀਰੀਆ ਅੱਖਾਂ ਵਿੱਚ ਰਹਿ ਸਕਦਾ ਹੈ ਅਤੇ ਅੱਖਾਂ ਵਿੱਚ ਲੰਮੇ ਸਮੇਂ ਤੱਕ ਜਲਣ ਰਹਿ ਸਕਦੀ ਹੈ।

## ਇਹ ਰੋਗ ਫੈਲਦਾ ਕਿਵੇਂ ਹੈ ?

ਲੈਪਟੋਸਪਾਇਰੋਸਿਸ ਬੈਕਟੀਰੀਆ ਆਮ ਤੌਰ ਉਤੇ ਚਮੜੀ ਉਤੇ ਹੋਏ ਮਾੜੇ ਮੋਟੇ ਜ਼ਖ਼ਮਾਂ ਜਾਂ ਲੱਗੀਆਂ ਰਗੜਾਂ ਅਤੇ ਕਦੇ-ਕਦੇ ਮੂੰਹ, ਨੱਕ ਅਤੇ ਅੱਖਾਂ ਦੀ ਲਾਈਨਿੰਗ ਰਾਹੀਂ ਸਰੀਰ ਵਿੱਚ ਦਾਖ਼ਲ ਹੁੰਦਾ ਹੈ। ਕੁੱਝ ਜਾਨਵਰਾਂ ਦੇ ਗੁਰਦਿਆਂ ਵਿੱਚ ਵੀ ਲੈਪਟੋਸਪਾਇਰਾ ਬੈਕਟੀਰੀਆ ਹੋ ਸਕਦਾ ਹੈ। ਅਜਿਹੇ ਛੂਤਗ੍ਰਸਤ ਜਾਨਵਰਾਂ ਦੇ ਪਿਸ਼ਾਬ ਜਾਂ ਮਾਸ ਦੇ ਸੰਪਰਕ ਵਿੱਚ ਆਉਣ ਨਾਲ ਲੈਪਟੋਸਪਾਇਰੋਸਿਸ ਦੀ ਛੂਤ ਕਿਸੇ ਵਿਅਕਤੀ ਨੂੰ ਲੱਗ ਸਕਦੀ ਹੈ। ਜਿਸ ਮਿੱਟੀ, ਚਿੱਕੜ ਜਾਂ ਪਾਣੀ ਵਿੱਚ ਛੂਤਗ੍ਰਸਤ ਜਾਨਵਰ ਦੇ ਪਿਸ਼ਾਬ ਨਾਲ ਦੂਸ਼ਣ ਫੈਲਿਆ ਹੋਵੇ ਤਾਂ ਵੀ ਛੂਤ ਫੈਲ ਸਕਦੀ ਹੈ। ਦੂਸ਼ਿਤ ਭੋਜਨ ਜਾਂ ਪਾਣੀ ਪੀਣ ਨਾਲ ਵੀ ਕਦੀ ਕਦਾਈਂ ਇਹ ਛੂਤ ਫੈਲਦੀ ਹੈ।

## ਆਮ ਤੌਰ ਉਤੇ ਕਿਹੜੇ ਜਾਨਵਰ ਇਸ ਰੋਗ ਤੋਂ ਪ੍ਰਭਾਵਿਤ ਹੁੰਦੇ ਹਨ ?

ਵਿਭਿੰਨ ਪ੍ਰਕਾਰ ਦੇ ਕਈ ਥਣਧਾਰੀ ਜਾਨਵਰਾਂ ਵਿੱਚ ਲੈਪਟੋਸਪਾਇਰਾ ਬੈਕਟੀਰੀਆ ਪਾਇਆ ਜਾ ਸਕਦਾ ਹੈ। ਆਸਟਰੇਲੀਆ ਵਿੱਚ ਇਹ ਬੈਕਟੀਰੀਆ ਆਮ ਤੌਰ ਉਤੇ ਚੂਹਿਆਂ, ਕੁੱਤਿਆਂ, ਗਊਆਂ-ਮੱਝਾਂ, ਦੇਸੀ ਜਾਨਵਰਾਂ, ਸੂਰਾਂ (ਘਰੇਲੂ ਅਤੇ ਜੰਗਲੀ ਦੋਵੇਂ) ਘੋੜਿਆਂ, ਬਿੱਲੀਆਂ ਅਤੇ ਭੇਡਾਂ ਜਿਹੇ ਜਾਨਵਰਾਂ ਵਿੱਚ ਪਾਇਆ ਜਾਂਦਾ ਹੈ। ਛੂਤਗ੍ਰਸਤ ਜਾਨਵਰਾਂ ਵਿੱਚ ਇਸ ਰੋਗ ਦੇ ਲੱਛਣ ਵਿਖਾਈ ਵੀ ਦੇ ਸਕਦੇ ਹਨ ਅਤੇ ਨਹੀਂ ਵੀ।

## ਇਸ ਰੋਗ ਤੋਂ ਵਧੇਰੇ ਖ਼ਤਰਾ ਕਿਸ ਨੂੰ ਹੈ ?

ਉਨ੍ਹਾਂ ਵਿਅਕਤੀਆਂ ਨੂੰ ਵਧੇਰੇ ਖ਼ਤਰਾ ਹੋ ਸਕਦਾ ਹੈ ਜੋ ਜਾਨਵਰ ਦੇ ਪਿਸ਼ਾਬ ਨਾਲ ਦੂਸ਼ਿਤ ਹੋਏ ਪਾਣੀ, ਚਿੱਕੜ, ਮਿੱਟੀ, ਜਾਂ ਬਨਾਸਪਤੀ ਦੇ ਸੰਪਰਕ ਵਿੱਚ ਆਉਂਦਾ ਹੈ। ਕੁੱਝ ਪੇਸ਼ੇ ਅਜਿਹੇ ਹਨ ਜਿਨ੍ਹਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਸਭ ਤੋਂ ਵੱਧ ਜੋਖਿਮ ਰਹਿੰਦਾ ਹੈ (ਉਦਾਹਰਣ ਵਜੋਂ ਕਿਸਾਨ, ਡੰਗਰ ਡਾਕਟਰ, ਬੁੱਚੜਖਾਨੇ ਵਿੱਚ ਕੰਮ ਕਰਨ ਵਾਲੇ ਕਾਮੇ ਅਤੇ ਗੰਨਾ ਅਤੇ ਕੇਲੇ ਦੀ ਕਾਸ਼ਤ ਕਰਨ ਵਾਲੇ ਕਿਸਾਨ)। ਮਨੋਰੰਜਨ

ਦੇ ਵੀ ਕਈ ਅਜਿਹੇ ਸਾਧਨ ਹਨ ਜਿਨ੍ਹਾਂ ਨਾਲ ਵਿਅਕਤੀ ਦੂਸ਼ਿਤ ਪਾਣੀ ਜਾਂ ਮਿੱਟੀ ਦੇ ਸੰਪਰਕ ਵਿੱਚ ਆ ਕੇ ਲੈਪਟੋਸਪਾਇਰੋਸਿਸ ਦੀ ਛੂਤ ਤੋਂ ਪ੍ਰਭਾਵਿਤ ਹੋ ਸਕਦੇ ਹਨ (ਉਦਾਹਰਣ ਵਜੋਂ : ਕੈਂਪਿੰਗ, ਬਾਗ਼ਬਾਨੀ, ਝਾੜੀਆਂ ਉਤੇ ਚੱਲਣਾ, ਸਫ਼ੇਦ ਪਾਣੀ ਉਤੇ ਕਿਸ਼ਤੀ ਚਲਾਉਣਾ ਅਤੇ ਪਾਣੀ ਦੀਆਂ ਹੋਰ ਖੇਡਾਂ)।

ਭਾਵੇਂ ਲੈਪਟੋਸਪਾਇਰੋਸਿਸ ਰੋਗ ਆਸਟਰੇਲੀਆ ਵਿੱਚ ਬਹੁਤ ਹੀ ਘੱਟ ਪਾਇਆ ਜਾਂਦਾ ਹੈ, ਪਰੰਤੂ ਫਿਰ ਵੀ ਇਹ ਰੋਗ ਜ਼ਿਆਦਾਤਰ ਗਰਮ ਅਤੇ ਨਮੀ ਵਾਲੇ ਖੇਤਰਾਂ ਜਿਵੇਂ ਕਿ ਉਤਰ-ਪੂਰਬੀ ਐਨ ਐਸ ਡਬਲਿਯੂ ਅਤੇ ਕੁਈਨਸਲੈਂਡ ਵਿੱਚ ਵੇਖਣ ਨੂੰ ਮਿਲ ਹੀ ਜਾਂਦਾ ਹੈ। ਆਸਟਰੇਲੀਆ ਵਿੱਚ ਇਸ ਰੋਗ ਦੇ ਹਰੇਕ ਸਾਲ ੨੦੦ ਦੇ ਲਗਭਗ ਮਾਮਲਿਆਂ ਦੀ ਤਸ਼ਖ਼ੀਸ (diagnosis) ਕੀਤੀ ਜਾਂਦੀ ਹੈ ਅਤੇ ਕਈ ਅਜਿਹੇ ਮਾਮਲੇ ਵੀ ਰਹਿ ਜਾਂਦੇ ਹਨ ਜਿਨ੍ਹਾਂ ਦੀ ਸ਼ਨਾਖ਼ਤ ਹੀ ਨਹੀਂ ਹੋ ਪਾਉਂਦੀ। ਇਸਤਰੀਆਂ ਦੇ ਮੁਕਾਬਲੇ ਇਹ ਰੋਗ ਮਰਦਾਂ ਵਿੱਚ ਵਧੇਰੇ ਪਾਇਆ ਜਾਂਦਾ ਹੈ।

**ਇਸ ਰੋਗ ਦੀ ਤਸ਼ਖ਼ੀਸ ਕਿਵੇਂ ਹੋ ਸਕਦੀ ਹੈ ?**

ਆਮ ਤੌਰ ਉਤੇ ਇਸ ਰੋਗ ਦੀ ਛੂਤ ਲੱਗਣ ਦੇ ਇੱਕ ਤੋਂ ਦੋ ਹਫ਼ਤਿਆਂ ਵਿੱਚ ਲੱਛਣ ਵਿਕਸਤ ਹੋਣ ਨਾਲ ਡਾਕਟਰ ਨੂੰ ਸ਼ੱਕ ਹੋ ਸਕਦਾ ਹੈ ਕਿ ਮਰੀਜ਼ ਨੂੰ ਲੈਪਟੋਸਪਾਇਰੋਸਿਸ ਰੋਗ ਹੈ। ਲੈਪਟੋਸਪਾਇਰੋਸਿਸ ਦੀ ਪੁਸ਼ਟੀ ਆਮ ਤੌਰ ਉਤੇ ਖ਼ੂਨ ਟੈਸਟ ਕਰਨ ਨਾਲ ਹੁੰਦੀ ਹੈ। ਆਮ ਤੌਰ ਉਤੇ ਦੋ-ਦੋ ਹਫ਼ਤਿਆਂ ਦੇ ਵਕਫ਼ੇ ਨਾਲ ਖ਼ੂਨ ਦੇ ਦੋ ਟੈਸਟਾਂ ਮਗਰੋਂ ਹੀ ਇਸ ਰੋਗ ਦੀ ਤਸ਼ਖ਼ੀਸ ਹੁੰਦੀ ਹੈ। ਇਹ ਬੈਕਟੀਰੀਆ ਖ਼ੂਨ, ਰੀੜ੍ਹ ਦੀ ਹੱਡੀ ਦੇ ਤਰਲ ਪਦਾਰਥ ਅਤੇ ਪਿਸ਼ਾਬ ਤੋਂ ਵਧ ਫੁੱਲ ਸਕਦਾ ਹੈ।

**ਕੀ ਇਸ ਰੋਗ ਦਾ ਕੋਈ ਇਲਾਜ ਹੈ ?**

ਲੈਪਟੋਸਪਾਇਰੋਸਿਸ ਦਾ ਇਲਾਜ ਆਮ ਤੌਰ ਉਤੇ ਡੌਕਸੀਸਾਇਕਲੀਨ ਜਾਂ ਪੈਨਸਿਲੀਨ ਜਿਹੇ ਐਂਟੀਬਾਇਓਟਿਕਸ ਨਾਲ ਕੀਤਾ ਜਾਂਦਾ ਹੈ। ਕਿਉਂਕਿ ਇਸ ਰੋਗ ਦੀ ਟੈਸਟਿੰਗ ਵਿੱਚ ਕੁੱਝ ਸਮਾਂ ਲੱਗ ਜਾਂਦਾ ਹੈ ਅਤੇ ਇਸ ਦੌਰਾਨ ਰੋਗ ਵਧ ਵੀ ਸਕਦਾ ਹੈ ਅਤੇ ਟੈਸਟਾਂ ਦੇ ਨਤੀਜੇ ਆਉਣ ਤੋਂ ਪਹਿਲਾਂ ਡਾਕਟਰ ਐਂਟੀਬਾਇਓਟਿਕਸ ਦਵਾਈਆਂ ਨਾਲ ਰੋਗੀ ਦਾ ਇਲਾਜ ਸ਼ੁਰੂ ਕਰ ਸਕਦਾ ਹੈ। ਐਂਟੀਬਾਇਓਟਿਕ ਇਲਾਜ ਤਦ ਹੀ ਬੇਹੱਦ ਪ੍ਰਭਾਵੀ ਹੋ ਸਕਦਾ ਹੈ ਜੇ ਇਸ ਰੋਗ ਦਾ ਇਲਾਜ ਛੇਤੀ ਸ਼ੁਰੂ ਕਰ ਦਿੱਤਾ ਜਾਵੇ।

**ਲੈਪਟੋਸਪਾਇਰੋਸਿਸ ਰੋਗ ਤੋਂ ਰੋਕਥਾਮ ਕਿਵੇਂ ਸੰਭਵ ਹੈ ?**

ਲੈਪਟੋਸਪਾਇਰੋਸਿਸ ਤੋਂ ਰੋਕਥਾਮ ਦੇ ਕਈ ਢੰਗ ਹਨ।

**ਜਾਨਵਰਾਂ ਨਾਲ ਕੰਮ ਕਰਨ ਵਾਲੇ ਵਿਅਕਤੀ :**

- ਵਾਟਰਪਰੂਫ਼ ਪੱਟੀਆਂ ਨਾਲ ਜ਼ਖ਼ਮ ਅਤੇ ਰਗੜਾਂ ਨੂੰ ਢਕ ਕੇ ਰੱਖੋ।
- ਜਿਹੜੇ ਜਾਨਵਰ ਛੂਤ ਫੈਲਾ ਸਕਦੇ ਹਨ, ਉਨ੍ਹਾਂ ਨਾਲ ਕੰਮ ਕਰਦੇ ਸਮੇਂ ਸੁਰੱਖਿਆਤਮਕ ਕੱਪੜੇ (ਜਿਵੇਂ ਕਿ ਦਸਤਾਨੇ, ਅੱਖਾਂ ਲਈ ਸ਼ੀਲਡਾਂ ਜਾਂ ਐਨਕਾਂ, ਐਪ੍ਰਨਸ ਅਤੇ ਬੂਟ) ਪਹਿਨੋ, ਖ਼ਾਸ ਕਰਕੇ ਉਦੋਂ ਜਦੋਂ ਉਨ੍ਹਾਂ ਦੇ ਪਿਸ਼ਾਬ ਨਾਲ ਸੰਪਰਕ ਹੋਣ ਦਾ ਖ਼ਤਰਾ ਹੋਵੇ।
- ਗਊਆਂ-ਮੱਝਾਂ ਦੀ ਔਲ ਜਾਂ ਮ੍ਰਿਤਕ ਪੈਦਾ ਹੋਏ ਬੱਚੇ ਜਾਂ ਗਰਭਪਾਤ ਨਾਲ ਪੈਦਾ ਹੋਏ ਵੱਛਿਆਂ-ਕੱਟਿਆਂ ਜਾਂ ਉਨ੍ਹਾਂ ਦੇ ਪਿੰਜਰ ਚੁੱਕਣ ਵੇਲੇ ਦਸਤਾਨੇ ਪਾਓ।
- ਸੰਭਾਵੀ ਛੂਤਗ੍ਰਸਤ ਸਮੱਗਰੀ ਨਾਲ ਸੰਪਰਕ ਵਿੱਚ ਆਉਣ ਮਗਰੋਂ ਚੰਗੀ ਤਰ੍ਹਾਂ ਹੱਥ ਧੋਵੋ ਅਤੇ ਨਹਾਓ।
- ਸੰਭਾਵੀ ਤੌਰ ਉਤੇ ਛੂਤਗ੍ਰਸਤ ਪਸ਼ੂਆਂ ਦਾ ਕੋਈ ਕੰਮ ਕਰਦੇ ਸਮੇਂ ਨਾ ਤਾਂ ਕੁੱਝ ਖਾਓ ਅਤੇ ਨਾ ਹੀ ਕੋਈ ਸਿਗਰੇਟ ਵਗੈਰਾ ਪੀਓ।
- ਡੰਗਰ ਡਾਕਟਰ ਦੀ ਸਲਾਹ ਨਾਲ ਆਪਣੇ ਪਸ਼ੂਧਨ ਦਾ ਟੀਕਾਕਰਨ ਕਰਵਾਓ।
- ਹੋਰਨਾਂ ਲੋਕਾਂ ਲਈ :
- ਅਜਿਹੇ ਪਾਣੀ ਵਿੱਚ ਤੈਰਨ ਤੋਂ ਬਚੋ ਜਿਸ ਵਿੱਚ ਪਸ਼ੂਆਂ ਦੇ ਪਿਸ਼ਾਬ ਨਾਲ ਦੂਸ਼ਣ ਫੈਲਿਆ ਹੋਣ ਦੀ ਸੰਭਾਵਨਾ ਹੋਵੇ।
- ਅਜਿਹੀ ਮਿੱਟੀ, ਚਿੱਕੜ ਜਾਂ ਪਾਣੀ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਆਪਣੇ ਜ਼ਖ਼ਮ ਅਤੇ ਰਗੜਾਂ ਨੂੰ ਚੰਗੀ ਤਰ੍ਹਾਂ ਢਕ ਲਓ ਜਿਸ ਦੇ ਪਸ਼ੂਆਂ ਦੇ ਪਿਸ਼ਾਬ ਨਾਲ ਦੂਸ਼ਿਤ ਹੋਣ ਦੀ ਸੰਭਾਵਨਾ ਹੋਵੇ।
- ਚਿੱਕੜ ਜਾਂ ਸਿੱਲ੍ਹੀ ਮਿੱਟੀ ਵਿੱਚ ਬਾਹਰ ਜਾਣ ਵੇਲੇ ਬੂਟ ਜ਼ਰੂਰ ਪਾਓ।
- ਬਾਗ਼ਬਾਨੀ ਵੇਲੇ ਦਸਤਾਨੇ ਪਾਓ।
- ਮਕਾਨ ਦੇ ਨੇੜੇ ਕੂੜਾ ਕਰਕਟ ਅਤੇ ਖਾਣ-ਪੀਣ ਵਾਲੀਆਂ ਸੁੱਟੀਆਂ ਵਸਤਾਂ ਨੂੰ ਸਾਫ਼ ਰੱਖੋ ਤਾਂ ਜੋ ਕੁਤਰੂ ਜਾਨਵਰ (ਜਿਵੇਂ ਕਿ ਚੂਹਾ ਅਤੇ ਕਾਟੋ ਜਾਂ rodents) ਉਥੇ ਨਾ ਪਲਣ।
- ਕੁੱਤਿਆਂ ਨੂੰ ਗਲਿਆ-ਸੜਿਆ ਮੀਟ ਨਾ ਪਾਓ।
- ਆਪਣੇ ਹੱਥ ਸਾਬਣ ਨਾਲ ਧੋ ਲਵੋ ਕਿਉਂਕਿ ਲੈਪਟੋਸਪੀਰਾ ਜੀਵਾਣੂ ਸਾਬਣ ਅਤੇ ਹੱਥਾਂ ਨੂੰ ਸੁਕਾਉਣ ਨਾਲ ਮਰ ਜਾਂਦੇ ਹਨ ।

**ਜੇ ਮੈਂ ਬੀਮਾਰ ਹੋ ਜਾਂਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?**
ਜੇ ਤੁਸੀਂ ਜਾਨਵਰਾਂ ਦੇ ਪਿਸ਼ਾਬ ਨਾਲ ਸੰਪਰਕ ਆਉਣ ਦੇ ਇੱਕ ਦੋ ਹਫ਼ਤਿਆਂ ਬਾਅਦ ਬੀਮਾਰ ਹੋ ਜਾਂਦੇ ਹੋ, ਤਾਂ ਆਪਣੇ ਡਾਕਟਰ ਨੂੰ ਇਸ ਬਾਰੇ ਜਰੂਰ ਦਸੋ ।


**ਕੀ ਇਸ ਰੋਗ ਲਈ ਕੋਈ ਵੈਕਸੀਨ ਹੈ ?**
ਅਸਟਰੇਲੀਆ ਵਿਚ ਲੈਪਟੋਸਪਾਇਰੋਸਿਸ ਦਾ ਇਲਾਜ ਆਮ ਤੌਰ ਉਤੇ ਮਨੁਖ਼ਾਂ ਲਈ ਕੋਈ ਨਹੀਂ ਪਰ ਜਾਨਵਰਾਂ ਦੇ ਇਲਾਜ ਲਈ ਵੈਕਸੀਨ ਹਨ । ਜਾਨਵਰਾਂ ਨੂੰ ਇਸ ਦੇ ਬਾਵਜੂਦ ਕਈ ਹੋਰ ਤਰਾਂ ਦੇ ਰੋਗ ਹੋ ਸਕਦੇ ਹਨ ਜਿਨ੍ਹਾ ਉਪਰ ਇਹ ਵੈਕਸੀਨ ਕੋਈ ਅਸਰ ਨਹੀ ਕਰ ਸਕਦੀ

**ਕੀ ਕਿਸੇ ਨੂੰ ਇਕ ਵਾਰ ਤੋ ਵੱਧ ਵੀ ਇਹ ਰੋਗ ਹੋ ਸਕਦਾ ਹੈ ?**
ਕਿਉਕਿ ਲੈਪਟੋਸਪੀਰਾ ਜੀਵਾਣੂ ਕਈ ਕਿਸਮ ਦੇ ਹੁੰਦੇ ਹਨ, ਕਿਸੇ ਵਿਅਕਤੀ ਨੂੰ ਇਹ ਇਕ ਤੋ ਵਧ ਵਾਰ ਵੀ ਹੋ ਸਕਦਾ ਹੈ ।

**ਕੀ ਜਿਨ੍ਹਾ ਨੂੰ ਲੈਪਟੌਸਪੀਰੌਸਿਸ ਹੈ ਉਹ ਹੋਰਨਾਂ ਨੂੰ ਵੀ ਇਹ ਰੋਗ ਦੇ ਸਕਦੇ ਹਨ ?**
ਬਹੁਤ ਥੋੜੀ ਵਾਰ ਹੀ ਲੈਪਟੌਸਪੀਰੌਸਿਸ ਇਕ ਵਿਅਕਤੀ ਤੋ ਦੂਸਰੇ ਤੱਕ ਫੈਲਾਇਆ ਜਾ ਸਕਦਾ ਹੈ (ਜਿਵੇ ਸਭੋਗ ਸਮੇ ਜਾਂ ਮਾਂ ਵਲੋ ਆਪਣੇ ਬੱਚੇ ਨੂੰ ਦੁਧ ਪਿਲਾਉਣ ਸਮੇ ) । ਲੈਪਟੌਸਪੀਰਾ ਜੀਵਾਣੂ ਕਈ ਮਹੀਨਿਆਂ ਬਾਅਦ ਵੀ ਪਿਸ਼ਾਬ ਰਾਹੀ ਫੈਲਾਏ ਜਾ ਸਕਦੇ ਹਨ ।

**ਹੋਰ ਜਾਣਕਾਰੀ - ਐਨ ਐਸ ਡਬਲਿਯੂ ਵਿਚ ਜਨ ਸਿਹਤ ਇਕਾਈਆਂ**
ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਆਪਣੇ ਡਾੱਕਟਰ, ਸਥਾਨਕ ਜਨ ਸਿਹਤ ਇਕਾਈ ਜਾਂ ਕਮਿਯੂਨਿਟੀ ਹੈਲਥ ਸੈਂਟਰ ਨਾਲ ਸੰਪਰਕ ਕਰੋ - ਸਫੇਦ ਪੰਨਿਆਂ ਦੇ ਸਾਹਮਣੇ ਐਨ ਐਸ ਡਬਲਿਯੂ ਸਰਕਾਰ' ਦੇ ਤਹਿਤ ਵੇਖੋ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ



**1300 066 055**

**www.health.nsw.gov.au**